# BC Hands & Voices

*"What works for your child is what makes the choice right."™*

BC Hands & Voices is a parent-driven, non-profit organization dedicated to supporting families with children who are deaf or hard of hearing.



## Never Mind, It's Not Important = Never Mind, You're Not Important

**By Teresa Kazemir**

## ਰਹਿਣ ਦੇ, ਇਹ ਕੋਈ ਖਾਸ ਗੱਲ ਨਹੀਂ = ਰਹਿਣ ਦੇ, ਤੂੰ ਕੋਈ ਖਾਸ ਨਹੀਂ

ਟੈਰੇਸਾ ਕਾਜ਼ੇਮੀਰ

ਮੈਂ ਕੁਝ ਦੇਰ ਪਹਿਲਾਂ ਆਪਣੇ ਬਾਲਗ ਪੁੱਤਰ ਨਾਲ ਗੱਲਾਂ ਕਰ ਰਹੀ ਸੀ, ਉਹਦੇ ਬਾਰੇ ਬਚਪਨ 'ਤੇ ਨਿਗਾਹ ਮਾਰ ਰਹੇ ਸਾਂ ਅਤੇ 'ਨਹੀਂ ਰਹਿਣ ਦੇ' ਨਿਯਮ ਬਾਰੇ ਗੱਲ ਹੋਈ। ਮੈਨੂੰ ਇਸ ਗੱਲ ਦਾ ਚੇਤਾ ਨਹੀਂ ਕਿ 'ਨਹੀਂ ਰਹਿਣ ਦੇ' ਨਿਯਮ ਮੈਨੂੰ ਪਹਿਲਾਂ ਕਿਸ ਨੇ ਸਿਖਾਇਆ ਸੀ, ਇਸ ਕਰਕੇ ਬਦਕਿਸਮਤੀ ਨਾਲ ਮੈਂ ਉਨ੍ਹਾਂ ਨੂੰ ਇਸ ਦੀ ਮਾਨਤਾ ਨਹੀਂ ਦੇ ਸਕਦੀ, ਪਰ ਸਾਲਾਂ ਦੌਰਾਨ ਮੈਂ ਕਈ ਲੋਕਾਂ ਨੂੰ ਇਸ ਬਾਰੇ ਗੱਲ ਕਰਦਿਆਂ ਸੁਣਿਆ ਹੈ ਅਤੇ ਮੈਂ ਹਮੇਸ਼ਾ ਇਸ ਬਾਰੇ ਸੋਚਿਆ ਹੈ ਕਿ ਕੰਨਾਂ ਤੋਂ ਬੋਲ਼ੇ ਜਾਂ ਉੱਚਾ ਸੁਣਨ ਵਾਲੇ ਬੱਚਿਆਂ ਦੇ ਪਰਿਵਾਰਾਂ ਨੂੰ ਇਸ ਬਾਰੇ ਦੱਸਣਾ ਬਹੁਤ ਜ਼ਰੂਰੀ ਹੈ।



ਸੋ ਇਹ 'ਨਹੀਂ ਰਹਿਣ ਦੇ' ਨਿਯਮ ਅਸਲ ਵਿੱਚ ਹੈ ਕੀ? ਇਹ ਉਹ ਨਿਯਮ ਹੈ ਜਿਸ ਨੂੰ ਸਾਡੇ ਪਰਿਵਾਰ ਨੇ ਪਿਛਲੇ ਸਾਲਾਂ ਦੌਰਾਨ ਬੜੀ ਸੰਜੀਦਗੀ ਨਾਲ ਵਰਤਿਆ ਹੈ, ਅਤੇ ਇਹ ਅਸਲ ਵਿੱਚ ਬੜੀ ਸਿੱਧੀ ਜਿਹੀ ਗੱਲ ਹੈ ਕਿ ਇਹ ਕਦੇ ਵੀ ਸਹੀ ਨਹੀਂ ਹੁੰਦਾ ਕਿ ਆਪਣੇ ਉੱਚੀ ਸੁਣਨ ਵਾਲੇ ਬੇਟੇ ਨੂੰ ਇਹ ਕਹੀਏ ਕਿ 'ਨਹੀਂ ਰਹਿਣ ਦੇ' ਜੇ ਉਹਨੂੰ ਕਿਸੇ ਗੱਲ ਦਾ ਪਤਾ ਨਾ ਲੱਗੇ ਅਤੇ ਉਹਨੇ ਪੁੱਛਿਆ ਹੋਵੇ ਕਿ ਕੀ ਗੱਲ ਹੋਈ ਸੀ। ਅਤੇ ਘਰ ਵਿੱਚ ਸਭ ਲਈ ਇਨਸਾਫ ਰੱਖਣ ਲਈ ਬਾਕੀ ਦੇ ਮੈਂਬਰਾਂ ਨਾਲ ਵੀ ਇਸੇ ਤਰ੍ਹਾਂ ਹੀ ਵਰਤਾਵ ਕੀਤਾ ਜਾਂਦਾ ਸੀ। ਸੋ ਭਾਵੇਂ ਕਹਿਣ ਵਾਲੇ ਨੇ ਕਿਹਾ ਹੋਵੇ 'ਕੀ', ਜਾਂ 'ਮੁਆਫ ਕਰਨਾ' ਜਾਂ 'ਹੂੰਅ' ਜਾਂ 'ਮੈਂ ਤੈਨੂੰ ਸੁਣਿਆ ਨਹੀਂ' ਆਸ ਇਹ ਕੀਤੀ ਜਾਂਦੀ ਸੀ ਕਿ ਬੋਲਣ ਵਾਲਾ ਆਪਣੀ ਗੱਲ ਨੂੰ ਦੋਹਰਾਵੇਗਾ। ਆਪਣੇ ਪਰਿਵਾਰ ਵਿੱਚ ਅਸੀਂ ਬਹੁਤਾ ਸਮਾਂ ਬੋਲ ਕੇ ਹੀ ਇਕ ਦੂਜੇ ਨਾਲ ਗੱਲ ਕਰਦੇ ਸਾਂ ਕਦੇ ਕਦੇ ਮੱਦਦ ਲਈ ਕੁਝ ਇਸ਼ਾਰੇ ਵੀ ਵਰਤਦੇ, ਪਰ ਇਹ ਨਿਯਮ ਕਿਸੇ ਖਾਸ ਭਾਸ਼ਾ ਜਾਂ ਗੱਲਬਾਤ ਲਈ ਅਪਣਾਈ ਪਹੁੰਚ ਪੱਖੋਂ ਵਿਸ਼ੇਸ਼ਤਾ ਨਹੀਂ ਰੱਖਦਾ - ਇਸ ਦਾ ਮਕਸਦ ਇਕ ਵਿਅਕਤੀ ਵਲੋਂ ਦੂਜੇ ਨੂੰ ਕੀ ਕਿਹਾ ਜਾ ਰਿਹਾ ਹੈ, ਸਮਝਣਾ ਹੈ।

ਇਸ ਦੇ ਕਈ ਕਾਰਨ ਹਨ ਕਿ ਇਹ ਨਿਯਮ ਬੋਲ਼ੇ ਜਾਂ ਉੱਚਾ ਸੁਣਨ ਵਾਲੇ ਬੱਚਿਆਂ ਲਈ ਕਿਉਂ ਮਹੱਤਵਪੂਰਨ ਹੈ:

### ਸਵੈ-ਮਾਣ

ਜਦੋਂ ਤੁਸੀਂ ਕਿਸੇ ਨੂੰ ਕਹੋ ਕਿ 'ਰਹਿਣ ਦੇ' ਤੁਸੀਂ ਇਹ ਸਮਝਦੇ ਹੋ ਸਕਦੇ ਹੋ ਕਿ ਤੁਸੀਂ ਇਹ ਹੀ ਸੁਨੇਹਾ ਦੇ ਰਹੇ ਹੋਵੋ

We acknowledge the financial support of the Province of British Columbia.

ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਵਲੋਂ ਮਿਲੀ ਆਰਥਿਕ ਸਹਾਇਤਾ ਨੂੰ ਮਾਨਤਾ ਦਿੰਦੇ ਹਾਂ।

## Never Mind, It's Not Important = Never Mind, You're Not Important

By Teresa Kazemir

ਕਿ 'ਇਹ ਇਨੀ ਜ਼ਰੂਰੀ ਗੱਲ ਨਹੀਂ'। ਪਰ ਜਿਹੜਾ ਸੁਨੇਹਾ ਉਸ ਤਬਾਦਲੇ ਦੌਰਾਨ ਦੂਜੇ ਪਾਸੇ ਸੁਣਿਆ ਜਾਂ ਸਮਝਿਆ ਜਾ ਰਿਹਾ ਹੈ ਉਹ ਅਕਸਰ ਹੁੰਦਾ ਹੈ 'ਰਹਿਣ ਦੇ, ਤੂੰ ਬਹੁਤਾ ਮਹੱਤਵਪੂਰਨ ਨਹੀਂ'। ਅਸੀਂ ਆਪਣੇ ਬੇਟੇ ਦਾ ਸਵੈ ਮਾਣ ਕਾਇਮ ਕਰਨ ਤੇ ਕਾਇਮ ਰੱਖਣ ਪੱਖੋਂ ਬਹੁਤ ਸਾਵਧਾਨ ਸੀ – ਅਸੀਂ ਚਾਹੁੰਦੇ ਸੀ ਕਿ ਉਹਨੂੰ ਇਹ ਪਤਾ ਲੱਗ ਜਾਵੇ ਕਿ ਸਾਡੀਆਂ ਨਜ਼ਰਾਂ ਵਿੱਚ ਸਾਡੇ ਪਰਿਵਾਰ ਦੇ ਹੋਰ ਹਰ ਕਿਸੇ ਵਾਂਗ ਇਹ ਉਸ ਦਾ ਵੀ ਹੱਕ ਸੀ ਕਿ ਉਹਨੂੰ ਪਤਾ ਲੱਗੇ ਕਿ ਕੀ ਕਿਹਾ ਜਾ ਰਿਹਾ ਸੀ, ਤੇ ਉਹ ਕਿਸੇ ਤਰ੍ਹਾਂ ਵੀ ਕਿਸੇ ਹੋਰ ਨਾਲੋਂ ਘੱਟ ਅਹਿਮੀਅਤ ਨਹੀਂ ਸੀ ਰੱਖਦਾ। ਸੋ ਭਾਵੇਂ ਸਾਨੂੰ ਇਸ ਗੱਲ ਦਾ ਪਤਾ ਹੁੰਦਾ ਸੀ ਕਿ ਜਾਣਕਾਰੀ ਉਹਦੇ ਵਾਸਤੇ ਨਹੀਂ ਸੀ ਜਾਂ ਉਹਨੂੰ ਉਹ ਦਿਲਚਸਪੀ ਵਾਲੀ ਨਹੀਂ ਲੱਗੇਗੀ ਫੇਰ ਵੀ ਅਸੀਂ ਉਸ ਗੱਲ ਨੂੰ ਜ਼ਰੂਰ ਦੁਹਰਾਉਂਦੇ ਤੇ ਇਸ ਦਾ ਫੈਸਲਾ ਉਸ ਨੂੰ ਹੀ ਕਰਨ ਦਿੰਦੇ।

## ਸਵੈ–ਵਕਾਲਤ

ਅਸੀਂ ਇਹ ਵੀ ਚਾਹੁੰਦੇ ਸੀ ਕਿ ਸਾਡਾ ਪੁੱਤਰ ਇਹ ਗੱਲ ਸਿੱਖ ਜਾਵੇ ਕਿ ਕਿਸੇ ਵੀ ਸਥਿਤੀ ਵਿੱਚ ਉਸ ਦਾ ਹੱਕ ਸੀ ਉਸ ਨੂੰ ਪੂਰੀ ਗੱਲ ਦਾ ਪਤਾ ਲੱਗੇ। ਜਦੋਂ ਉਹ ਤੇ ਉਹਦੇ ਭੈਣ ਭਰਾ ਅਜੇ ਛੋਟੇ ਸਨ, ਅਸੀਂ ਘਰ ਵਿੱਚ ਨਿਯਮ ਬਣਾਏ ਅਤੇ ਲਾਗੂ ਕੀਤੇ। ਜਦੋਂ ਉਹ ਵੱਡਾ ਹੋ ਗਿਆ ਉਹਦੀ ਉਹ ਆਸ ਉਹਦਾ ਸੁਭਾਅ ਬਣ ਗਈ ਅਤੇ ਉਹ ਦੂਜਿਆਂ ਲੋਕਾਂ ਨੂੰ ਇਹ ਦੱਸਣ ਲੱਗ ਪਿਆ ਕਿ ਉਹ ਉਹਨੂੰ 'ਰਹਿਣ ਦੇ' ਨਹੀਂ ਸੀ ਕਹਿ ਸਕਦੇ। ਹੁਣ ਉਹ ਜਦੋਂ ਉਸ ਸਮੇਂ ਬਾਰੇ ਸੋਚਦਾ ਹੈ ਤਾਂ ਉਹਨੂੰ ਲੱਗਦਾ ਹੈ ਕਿ ਉਹ ਉਸ ਸਮੇਂ ਆਪਣੀ ਗੱਲ ਨੂੰ ਸਹੀ ਤਰੀਕੇ ਨਾਲ ਬਿਆਨ ਨਹੀਂ ਸੀ ਕਰ ਸਕਦਾ ਕਿਉਂਕਿ ਉਹਦੇ ਲਈ ਉਹ ਇਕ ਨਿਯਮ ਹੀ ਸੀ ਪਰ ਇਸ ਨਾਲ ਉਹ ਉਸ ਗੱਲ ਲਈ ਲੜਦਾ ਜਿਹੜੀ ਉਹਨੂੰ ਪਤਾ ਨਹੀਂ ਸੀ ਲੱਗਦੀ। "ਹੁਣ ਮੈਂ ਪਿੱਛੇ ਦੇਖਿਆਂ ਇਸ 'ਤੇ ਹੱਸ ਲੈਂਦਾ ਹਾਂ ਕਿਉਂਕਿ ਉਸ ਵੇਲੇ ਸਕੂਲ ਵਿੱਚ ਹੋਰ ਕਿਸੇ ਵੀ ਨਿਆਣੇ ਨੂੰ ਇਸ ਨਿਯਮ ਬਾਰੇ ਪਤਾ ਨਹੀਂ ਸੀ ਹੋ ਸਕਦਾ, ਪਰ ਮੈਂ ਇਹ ਮੰਨੀ ਬੈਠਾ ਸਾਂ ਕਿ ਇਹ ਨਿਯਮ ਤਾਂ ਦੁਨੀਆਂ ਭਰ ਵਿੱਚ ਹਰ ਕਿਸੇ ਨੂੰ ਪਤਾ ਹੈ।"

## ਇਤਫਾਕੀਆ ਸਿੱਖਣਾ / ਦੁਨਿਆਵੀ ਗਿਆਨ

ਸਾਨੂੰ ਇਸ ਗੱਲ ਦਾ ਅਹਿਸਾਸ ਸੀ ਕਿ ਜਿਹੜੇ ਬੱਚੇ ਬੋਲ਼ੇ ਹਨ ਜਾਂ ਜਿਹਨਾਂ ਨੂੰ ਉੱਚਾ ਸੁਣਦਾ ਹੈ ਉਹ ਇਤਫਾਕੀਆ ਸਿੱਖਣ ਦੇ ਮੌਕੇ ਖੁੰਝਾ ਲੈਂਦੇ ਹਨ – ਉਨ੍ਹਾਂ ਕੋਲ ਸੌਖ ਨਾਲ 'ਕਿਸੇ ਹੋਰ ਦੀ ਗੱਲ' ਸੁਣ ਸਕਣ ਦੇ ਮੌਕੇ ਨਹੀਂ ਹੁੰਦੇ ਜਿਸ ਤਰ੍ਹਾਂ ਕਿ ਦੂਜੇ ਬੱਚੇ ਆਮ ਤੌਰ ਤੇ ਸੁਣ ਸਕਣ ਵਾਲੇ ਪਰਿਵਾਰਾਂ ਵਿੱਚ ਕਰ ਸਕਦੇ ਹਨ ਜਾਂ ਜਿਨ੍ਹਾਂ ਘਰਾਂ ਵਿੱਚ ਅਮਰੀਕਨ ਸਾਈਨ ਲੈਂਗੂਏਜ ਦੀ ਵਰਤੋਂ ਹੁੰਦੀ ਹੋਵੇ। ਬੱਚੇ ਹੌਲੀ ਹੌਲੀ ਦੂਜਿਆਂ ਦੀਆਂ ਗੱਲਾਂ ਜਾਂ ਗੁਫਤਗੂ ਸੁਣ ਕੇ, ਜੋ ਭਾਵੇਂ ਸਿੱਧੀ ਉਨ੍ਹਾਂ ਵਾਸਤੇ ਨਹੀਂ ਹੁੰਦੀ, ਬਹੁਤ ਕੁਝ ਸਿੱਖ ਜਾਂਦੇ ਹਨ ਜਿਸ ਨੂੰ ਦੁਨਿਆਵੀ ਸੂਝ ਜਾਂ ਗਿਆਨ ਕਿਹਾ ਜਾਂਦਾ ਹੈ। ਉਹ ਸਿੱਖ ਜਾਂਦੇ ਹਨ ਕਿ ਵੱਡੀ ਉਮਰ ਦੇ ਲੋਕ ਹਮੇਸ਼ਾ ਹਰ ਗੱਲ ਬਾਰੇ ਇਕ ਦੂਜੇ ਨਾਲ ਸਹਿਮਤ ਨਹੀਂ ਹੁੰਦੇ, ਰਿਸ਼ਤੇਦਾਰ ਬੀਮਾਰ ਹੋ ਜਾਂਦੇ ਹਨ, ਜੇ ਭਾਂਡੇ ਧੋਣ ਵਾਲੀ ਮਸ਼ੀਨ ਖਰਾਬ ਹੋ ਜਾਵੇ ਤਾਂ ਮੁਰੰਮਤ ਕਰਨ ਲਈ ਕਾਰੀਗਰ ਨੂੰ ਸੱਦਿਆ ਜਾ ਸਕਦਾ ਹੈ, ਲੋਕ ਇਨਕਮ ਟੈਕਸ ਦਿੰਦੇ ਹਨ ਆਦਿ। ਬਹੁਤ ਸਾਰੀਆਂ ਗੱਲਾਂ ਹੁੰਦੀਆਂ ਹਨ ਜੋ ਅਸੀਂ ਚੇਤਨ ਤਰੀਕੇ ਨਾਲ ਆਪਣੇ ਬੱਚਿਆਂ ਨੂੰ ਨਹੀਂ ਸਿਖਾਉਂਦੇ ਅਤੇ ਉਹ ਬਹੁਤ ਕੁਝ ਦੂਜਿਆਂ ਦੀਆਂ ਗੱਲਾਂ ਸੁਣ ਕੇ ਹੀ ਸਿੱਖ ਜਾਂਦੇ ਹਨ। ਸੋ ਜਦ ਵੀ ਸਾਡੇ ਬੇਟੇ ਨੇ ਪੁੱਛਿਆ ਕਿ ਕੀ ਕਿਹਾ ਗਿਆ ਸੀ ਅਸੀਂ ਉਸ ਲਈ ਉਹ ਦੁਹਰਾਇਆ, ਬਸ਼ਰਤੇ ਕਿ ਉਹ ਕਿਸੇ ਦੀ ਨਿੱਜੀ ਜਾਂ ਗੁਪਤ ਗੱਲ ਨਾ ਹੋਵੇ।

ਹੁਣ, ਇਕ ਬਾਲਗ ਵਜੋਂ ਪਿਛਲਝਾਤ ਨਾਲ, ਜੈਸੀ ਦਾ ਕਹਿਣਾ ਹੈ ਕਿ ਉਸ ਨਿਯਮ ਨੇ ਉਹਦੇ ਲਈ ਬਹੁਤ ਵੱਡਾ ਫਾਇਦਾ ਕੀਤਾ ਹੈ। "ਇਸ ਨੇ ਮੈਨੂੰ ਇਹ ਸਿਖਾਇਆ ਕਿ ਪੂਰੀ ਗੱਲ ਜਾਨਣਾ ਮੇਰਾ ਹੱਕ ਸੀ ਅਤੇ ਨਤੀਜੇ ਵਜੋਂ ਇਸ ਸੂਝ ਨੇ ਮੈਨੂੰ ਖੁਦ ਲਈ ਵਕਾਲਤ ਕਰਨਾ ਸਿਖਾਇਆ ਜਦੋਂ ਮੈਨੂੰ ਇਹ ਹੱਕ ਨਹੀਂ ਸੀ ਮਿਲਦਾ।" ਉਹਨੇ ਇਹ ਦੱਸਿਆ ਕਿ ਹੁਣ ਵੀ ਉਹ ਇਸ ਗੱਲੋਂ ਖਿੱਝ ਜਾਂਦਾ ਹੈ ਜਦੋਂ ਕੋਈ ਉਹਨੂੰ ਕਹੇ 'ਰਹਿਣ ਦੇ' – ਅਤੇ ਉਹ ਸੋਚਦਾ ਹੈ ਕਿ ਇਸ 'ਤੇ ਨਰਾਜ਼ ਹੋਣਾ ਚੰਗੀ ਗੱਲ ਹੈ।

We acknowledge the financial support of the Province of British Columbia.
ਅਸੀਂ ਬ੍ਰਿਟਿਸ਼ ਕੋਲੰਬੀਆ ਸੂਬੇ ਵਲੋਂ ਮਿਲੀ ਆਰਥਿਕ ਸਹਾਇਤਾ ਨੂੰ ਮਾਨਤਾ ਦਿੰਦੇ ਹਾਂ।